**File No.** SED-EDU401/72/2026-6EDU4/I /1515774/2026 ਮਿਤੀ, ਚੰਡੀਗੜ੍ਹ 29.09.2026

ਪੰਜਾਬ ਸਰਕਾਰ

ਸਿੱਖਿਆ ਵਿਭਾਗ

(ਸਿੱਖਿਆ – 4 ਸ਼ਾਖਾ)

ਹੁਕਮ

ਸ਼੍ਰੀਮਤੀ ਰੰਜਨਾ, ਪ੍ਰਿੰਸੀਪਲ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ, ਘੁਬਾਇਆ, ਜਿਲ੍ਹਾ ਫਾਜਿਲਕਾ ਨੇ 58 ਸਾਲ ਦੀ ਉਮਰ ਪੂਰੀ ਹੋਣ ਤੇ ਮਿਤੀ 31.08.2026 ਨੂੰ ਸੇਵਾ ਨਿਵਿਰਤ ਹੋਣਾ ਹੈ। ਉਸ ਵੱਲੋਂ ਪੰਜਾਬ ਟੀਚਰ ਐਕਟ-2015 ਅਧੀਨ ਮਿਤੀ 31 ਮਾਰਚ 2027 ਤੱਕ ਸੇਵਾ ਕਾਲ ਵਿੱਚ ਵਾਧਾ ਲੈਣ ਲਈ ਪੋਰਟਲ ਤੇ ਪ੍ਰਤੀਬੇਨਤੀ ਦਿੱਤੀ ਗਈ ।

2. ਅਧਿਕਾਰਨ ਦੇ ਕੇਸ ਨੂੰ ਵਿਚਾਰਨ ਉਪਰੰਤ ਪੰਜਾਬ ਟੀਚਰ ਐਕਟ-2015 ਅਧੀਨ ਸ਼੍ਰੀਮਤੀ ਰੰਜਨਾ, ਸਰਕਾਰੀ ਸੀਨੀਅਰ ਸੈਕੰਡਰੀ ਸਕੂਲ, ਘੁਬਾਇਆ, ਜਿਲ੍ਹਾ ਫਾਜਿਲਕਾ ਨੂੰ ਮਿਤੀ 01.09.2026 ਤੋਂ 31.03.2027 ਤੱਕ ਸੇਵਾਕਾਲ ਵਿੱਚ ਵਾਧਾ ਇਸ ਸ਼ਰਤ ਦੇ ਦਿੱਤਾ ਜਾਂਦਾ ਹੈ ਕਿ ਇਸ ਸਮੇਂ ਦੌਰਾਨ ਅਧਿਕਾਰਨ ਨੂੰ ਕੋਈ ਸਲਾਨਾ ਤਰੱਕੀ ਅਤੇ ਪਦਉੱਨਤੀ ਮਿਲਣਯੋਗ ਨਹੀਂ ਹੋਵੇਗੀ। ਸਮਰੱਥ ਅਧਿਕਾਰੀ ਵੱਲੋਂ ਮਿਲੀ ਪ੍ਰਵਾਨਗੀ ਉਪਰੰਤ ਅਧਿਕਾਰਨ ਦੇ ਮਿਤੀ 01.09.2026 ਤੋਂ 10.09.2026 ਤੱਕ ਦੇ ਸਮੇਂ ਨੂੰ ਡਿਊਟੀ ਪੀਰੀਅਡ ਟਰੀਟ ਕੀਤਾ ਜਾਂਦਾ ਹੈ।

ਮਿਤੀ ,ਚੰਡੀਗੜ੍ਹ
10.09.2026

ਸੋਨਾਲੀ ਗਿਰਿ,(ਆਈ.ਏ.ਐਸ)
ਸਕੱਤਰ, ਪੰਜਾਬ ਸਰਕਾਰ,
ਸਕੂਲ ਸਿੱਖਿਆ ਵਿਭਾਗ

ਪਿੱਠ ਅੰਕਣ ਨੰ. SED-EDU401/72/2026-6EDU4/I /1515774/2026 ਮਿਤੀ, ਚੰਡੀਗੜ੍ਹ 29.09.2026

ਉਪਰੋਕਤ ਦਾ ਇੱਕ ਉਤਾਰਾ ਹੇਠ ਲਿਖਿਆਂ ਨੂੰ ਸੂਚਨਾ ਅਤੇ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:-

1) ਮਹਾਂਲੇਖਾਕਾਰ, ਪੰਜਾਬ (ਲੇਖਾ ਤੇ ਹੱਕਦਾਰੀ), ਚੰਡੀਗੜ੍ਹ।
2) ਡਾਇਰੈਕਟਰ ਸਿੱਖਿਆ ਵਿਭਾਗ (ਸੈ ਸਿ) ਪੰਜਾਬ ਸਕੂਲ ਸਿੱਖਿਆ ਬੋਰਡ ਕੰਪਲੈਕਸ, ਫੇਜ਼-8, ਮੋਹਾਲੀ।
3) ਜਿਲ੍ਹਾ ਸਿੱਖਿਆ ਅਫਸਰ (ਸੈ ਸਿ), ਫਾਜਿਲਕਾ ਨੂੰ ਕਾਪੀ ਭੇਜਦੇ ਹੋਏ ਲਿਖਿਆ ਜਾਂਦਾ ਹੈ ਕਿ ਅਧਿਕਾਰਨ ਦੇ ਮਿਤੀ 11.09.2026 ਤੋਂ ਜੁਆਇਨਿੰਗ ਦੇ ਸਮੇਂ ਨੂੰ ਹਾਜਰੀ ਰਜਿਸਟਰ ਚੈੱਕ ਕਰਨ ਉਪਰੰਤ ਅਗਲੇਰੀ ਯੋਗ ਕਾਰਵਾਈ ਕਰਨੀ ਯਕੀਨੀ ਬਣਾਈ ਜਾਵੇ।
4) ਜ਼ਿਲ੍ਹਾ ਖਜ਼ਾਨਾ ਅਫਸਰ, ਫਾਜਿਲਕਾ ।
5) ਡੀ.ਐਮ. ਐਮ.ਆਈ.ਐਸ. ਵਿੰਗ ਦਫਤਰ ਡੀ.ਜੀ.ਐਸ.ਈ. ਪੰਜਾਬ ਨੂੰ ਕਾਪੀ ਭੇਜਦੇ ਹੋਏ ਲਿਖਿਆ ਜਾਂਦਾ ਹੈ ਕਿ ਇਨ੍ਹਾਂ ਹੁਕਮਾਂ ਨੂੰ ਤੁਰੰਤ ਵਿਭਾਗ ਦੀ ਵੈਬਸਾਈਟ ਤੇ ਅੱਪਲੋਡ ਕੀਤਾ ਜਾਵੇ।
6) **ਸ਼੍ਰੀਮਤੀ ਰੰਜਨਾ, ਸਰਕਾਰੀ ਸੀਨੀਅਰ ਸੈਕੰਡਰੀ ਸਕੂਲ, ਘੁਬਾਇਆ, ਜਿਲ੍ਹਾ ਫਾਜਿਲਕਾ ।**

ਅਧੀਨ ਸਕੱਤਰ ਸਕੂਲ ਸਿੱਖਿਆ